# India Australia Circular Economy Hackathon (I-ACE)

February 19, 2021

---

## ਭਾਰਤ-ਆਸਟਰੇਲੀਆ ਸਰਕੁਲਰ ਆਰਥਿਕਤਾ ਹੈਕਾਥਨ (I - ACE)

19 ਫਰਵਰੀ, 2021

19 ਫਰਵਰੀ, 2021 ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮਾਣਯੋਗ ਸਕੌਟ ਮੌਰਿਸਨ ਐਮ ਪੀ ਨੇ ਭਾਰਤ -ਆਸਟ੍ਰੇਲੀਆ ਦੇ ਸਰਕੁਲਰ ਇਕਾਨੋਮੀ ਹੈਕਾਥਨ (I - ACE) ਦੇ ਭਾਗੀਦਾਰਾਂ ਨੂੰ ਵਰਚੁਅਲ ਇਨਾਮ ਵੰਡ ਸਮਾਰੋਹ ਵਿੱਚ ਸਨਮਾਨਿਤ ਕੀਤਾ। ਇਸ ਸਮਾਰੋਹ ਵਿੱਚ ਆਸਟਰੇਲੀਆ ਦੇ ਉਦਯੋਗ, ਵਿਗਿਆਨ ਅਤੇ ਟੈਕਨਾਲੋਜੀ ਮੰਤਰੀ ਕੇਰੇਨ ਐਂਡ੍ਰਿਊਜ਼ ਐਮ ਪੀ ਅਤੇ ਭਾਰਤ ਸਰਕਾਰ ਦੇ ਪ੍ਰਮੁੱਖ ਵਿਗਿਆਨਕ ਸਲਾਹਕਾਰ ਪ੍ਰੋ. ਕੇ. ਵਿਜੇ ਰਾਘਵਨ ਨੇ ਵੀ ਭਾਸ਼ਣ ਦਿੱਤਾ।

ਭਾਰਤ-ਆਸਟਰੇਲੀਆ ਸਰਕੁਲਰ ਆਰਥਿਕਤਾ ਹੈਕਾਥਨ ਦਾ ਵਿਚਾਰ 4 ਜੂਨ, 2020 ਨੂੰ ਭਾਰਤ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀਆਂ ਦਰਮਿਆਨ ਹੋਏ ਭਾਰਤ-ਆਸਟਰੇਲੀਆ ਵਰਚੁਅਲ ਆਗੂ ਸੰਮੇਲਨ ਦੌਰਾਨ ਸ਼ੁਰੂ ਹੋਇਆ ਸੀ।

ਦੋਵਾਂ ਦੇਸ਼ਾਂ ਦੇ ਵਿਦਿਆਰਥੀਆਂ ਅਤੇ ਸਟਾਰਟ-ਅਪਸ / MSMEs ਨੂੰ ਭੋਜਨ ਪ੍ਰਣਾਲੀ ਦੀ ਵੈਲਯੂ ਚੇਨ ਦੇ ਪਾਰ ਸਰਕੁਲਰ ਆਰਥਿਕਤਾ ਵਿਕਸਿਤ ਕਰਨ ਲਈ ਨਵੀਨਤਾਕਾਰੀ ਹੱਲ ਕੱਢਣ ਦੇ ਕਾਬਲ ਬਣਾਉਣ ਲਈ ਆਯੋਜਿਤ I - ACE ਦਾ ਪ੍ਰਬੰਧ ਅਟਲ ਇਨੋਵੇਸ਼ਨ ਮਿਸ਼ਨ, ਨੀਤੀ ਆਯੋਗ, ਭਾਰਤ ਅਤੇ ਰਾਸ਼ਟਰਮੰਡਲ ਵਿਗਿਆਨਕ ਅਤੇ ਉਦਯੋਗਿਕ ਖੋਜ ਸੰਗਠਨ (CSIRO), ਆਸਟਰੇਲੀਆ ਦੁਆਰਾ ਸਾਂਝੇ ਤੌਰ 'ਤੇ ਕੀਤਾ ਗਿਆ। I - ACE ਹੈਕੈਥਨ ਵਿੱਚ ਚਾਰ ਵਿਸ਼ਿਆਂ 'ਤੇ ਗੱਲਬਾਤ ਹੋਈ:

**ਪੈਕੇਜਿੰਗ ਵਿਚ ਨਵੀਨਤਾ - ਪੈਕਿੰਗ ਦਾ ਕਚਰਾ ਘਟਾਉਣਾ**
**ਭੋਜਨ ਸਪਲਾਈ ਚੇਨਾਂ ਵਿਚ ਨਵੀਨਤਾ - ਕਚਰਾ ਘਟਾਉਣਾ**
**ਪਲਾਸਟਿਕ ਦੀ ਰਹਿੰਦ ਖੂੰਹਦ ਨੂੰ ਘੱਟ ਕਰਨ ਦੇ ਮੌਕੇ ਪੈਦਾ ਕਰਨਾ**
**ਅਤਿ ਜ਼ਰੂਰੀ ਊਰਜਾ ਅਤੇ ਈ-ਕਚਰੇ ਨੂੰ ਰੀਸਾਈਕਲ ਕਰਨਾ**

I - ACE 16 ਅਕਤੂਬਰ 2020 ਨੂੰ ਸ਼ੁਰੂ ਹੋਈ। ਸ਼ੁਰੂਆਤੀ ਦੌਰ ਵਿੱਚ ਭਾਰਤ ਅਤੇ ਆਸਟਰੇਲੀਆ ਤੋਂ 1000 ਰਜਿਸਟਰੇਸ਼ਨਾਂ ਹੋਈਆਂ। ਅੰਤਮ ਮੁਕਾਬਲੇ 9 ਤੋਂ 11 ਫਰਵਰੀ, 2021 ਦਰਮਿਆਨ ਹੋਏ, ਜਿਨ੍ਹਾਂ ਵਿੱਚ ਭਾਰਤ ਦੀਆਂ 39 ਟੀਮਾਂ ਅਤੇ ਆਸਟਰੇਲੀਆ ਦੀਆਂ 33 ਟੀਮਾਂ ਦੇ 200 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ। ਉਨ੍ਹਾਂ ਨੇ ਅੰਤਮ ਦੌਰ ਵਿੱਚ ਪੰਜ ਮਾਸਟਰ ਕਲਾਸ ਸੈਸ਼ਨਾਂ, ਤਿੰਨ ਸਮਰਪਿਤ ਸਲਾਹਕਾਰੀ ਸੈਸ਼ਨਾਂ ਅਤੇ ਤਿੰਨ ਪੇਸ਼ਕਾਰੀ / ਜਿਊਰੀ ਮੁਲਾਂਕਣ ਸੈਸ਼ਨਾਂ ਵਿੱਚ ਸ਼ਿਰਕਤ ਕੀਤੀ। ਚਾਰੋ ਵਿਸ਼ਿਆਂ ਲਈ ਭਾਰਤ ਅਤੇ ਆਸਟਰੇਲੀਆ ਦੀਆਂ ਦੋ ਯੂਨੀਵਰਸਿਟੀ ਟੀਮਾਂ ਅਤੇ ਦੋ ਸਟਾਰਟ-ਅਪ / MSMEs ਨੂੰ ਜੇਤੂ ਐਲਾਨਿਆ ਗਿਆ।

ਜੇਤੂਆਂ ਨੂੰ ਅਟਲ ਇਨੋਵੇਸ਼ਨ ਮਿਸ਼ਨ, ਨੀਤੀ ਆਯੋਗ ਅਤੇ CSIRO, ਆਸਟ੍ਰੇਲੀਆ, ਦੋਨਾਂ ਦੇ ਇੰਨੋਵੇਸ਼ਨ ਅਤੇ ਇਨਕਿਊਬੇਸ਼ਨ ਈਕੋਸਿਸਟਮ ਰਾਹੀਂ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਉਹ ਆਪਣੇ ਹੱਲਾਂ ਨੂੰ ਉਤਪਾਦਾਂ ਦੇ ਤੌਰ 'ਤੇ ਵਿਕਸਤ ਕਰ ਸਕਣ।

19 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.